# ਜਨਮ ਦੇਣਾ


## ਲੇਬਰ ਕਿੰਨੇ ਸਮੇਂ ਲਈ ਜਾਰੀ ਰਹਿੰਦੀ ਹੈ?

ਲੇਬਰ ਹਰੇਕ ਵਿਅਕਤੀ ਵਾਸਤੇ ਵੱਖਰੀ ਹੁੰਦੀ ਹੈ। ਔਸਤਨ, ਉਹ ਘੰਟਿਆਂ ਤੋਂ ਕੁਝ ਦਿਨਾਂ ਤੱਕ ਜਾਰੀ ਰਹਿ ਸਕਦੀ ਹੈ।

### ਲੇਬਰ ਅਤੇ ਡਿਲਿਵਰੀ ਦੇ 4 ਪੜਾਅ:


**1ਲਾ ਪੜਾਅ**

ਬੱਚੇਦਾਨੀ ਨਰਮ ਅਤੇ ਛੋਟੀ ਹੋ ਜਾਂਦੀ ਹੈ ("ਅਫੇਸਮੈਂਟ"- effacement) ਅਤੇ ਖੁੱਲ ਜਾਂਦੀ ਹੈ ("ਡਾਇਲੇਸ਼ਨ" - dilation)। ਤੁਹਾਡੇ ਬੱਚੇ ਦਾ ਸਿਰ ਤੁਹਾਡੇ ਪੇਲਵਿਸ ਵਿੱਚ ਥਲੇ ਵਲ ਮੂਵ ਕਰਦਾ ਹੈ।




**2ਜਾ ਪੜਾਅ**

ਤੁਸੀਂ ਧੱਕਦੇ ਹੋ ਅਤੇ ਤੁਹਾਡਾ ਬੱਚਾ ਪੈਦਾ ਹੋ ਜਾਂਦਾ ਹੈ।



**3ਜਾ ਪੜਾਅ**

ਪਲੇਸੈਂਟਾ ਡਿਲਿਵਰ ਕੀਤਾ ਜਾਂਦਾ ਹੈ, ਅਤੇ ਤੁਸੀਂ ਆਪਣੇ ਬੱਚੇ ਨੂੰ ਚਮੜੀ-ਦੇ ਨਾਲ-ਚਮੜੀ ਨਾਲ ਪਕੜ ਸਕਦੇ ਹੋ। ਉਹ ਛਾਤੀ ਦਾ ਦੁੱਧ ਪੀ ਸਕਦਾ ਹੈ ਜਾਂ ਤੁਹਾਡੀ ਛਾਤੀ ਦੇ ਨਾਲ ਸਟ ਸਕਦਾ ਹੈ।



**4ਥਾ ਪੜਾਅ**

ਜਨਮ ਤੋਂ ਬਾਅਦ ਇੰਨ੍ਹਾਂ ਪਹਿਲੇ ਕੁਝ ਘੰਟਿਆਂ ਵਿੱਚ, ਤੁਸੀਂ ਆਪਣੇ ਬੱਚੇ ਨੂੰ ਚਮੜੀ-ਦੇ ਨਾਲ-ਚਮੜੀ ਨਾਲ ਪਕੜਣਾ ਜਾਰੀ ਰੱਖ ਸਕਦੇ ਹੋ - ਤੁਹਾਡੀ ਪਹਿਲੀ ਫੀਡਿੰਗ ਦੇ ਅੰਤ ਤੱਕ ਜਾਂ ਜਿੰਨ੍ਹੀ ਦੇਰ ਲਈ ਤੁਸੀਂ ਚਾਹੋ।

